THE PUNJAB STATE BOARD OF TECHNICAL
EDUCATION AND INDUSTRIAL TRAINING
PLOT NO. 1-A, SEC. 36-A, CHANDIGARH PH. : 615385, 622584-85 FAX : 660734

No. PSBTE&IT/DA/2022/2353 Dated: 16/08/2022

## Circular

ਬੋਰਡ ਦਫਤਰ ਨਾਲ ਐਫੀਲੀਏਟਿਡ ਸਮੂਹ ਬਹੁਤਕਨੀਕੀ ਅਤੇ ਫਾਰਮੇਸੀ ਸੰਸਥਾਵਾਂ (ਸਰਕਾਰੀ ਅਤੇ ਗੈਰ ਸਰਕਾਰੀ) ਦੇ ਮੁੱਖੀਆਂ ਨੂੰ ਹੇਠ ਦਰਸਾਏ ਅਨੁਸਾਰ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ :-

1. ਬੋਰਡ ਨਾਲ ਐਫੀਲਿਏਟਡ ਕਾਲਜਾਂ ਵਿੱਚ ਐਡਮਿਟ ਹੋਣ ਵਾਲੇ ਵਿਦਿਆਰਥੀਆਂ ਦੇ ਸਰਟੀਫੀਕੇਟਾਂ ਦੀ ਜਾਂਚ ਸਰਕਾਰੀ ਕਾਲਜਾਂ ਦੇ ਪ੍ਰਿੰਸੀਪਲਾਂ ਰਾਹੀਂ ਕੀਤੀ ਜਾਵੇਗੀ।
2. ਸਾਰੇ ਸਰਕਾਰੀ ਕਾਲਜਾਂ ਦੇ ਪ੍ਰਿੰਸੀਪਲਾਂ ਨੂੰ ਜ਼ਿਲ੍ਹੇ ਅਲਾਟ ਕੀਤੇ ਜਾਣਗੇ। ਇਹਨਾਂ ਜ਼ਿਲਿਆਂ ਵਿੱਚ ਸਬੰਧਤ ਪ੍ਰਾਈਵੇਟ ਪੋਲੀਟੈਕਨਿਕ ਅਤੇ ਫਾਰਮੇਸੀ ਸੰਸਥਾਵਾਂ ਦੇ ਸਰਟੀਫਿਕੇਟ ਦੀ ਜਾਂਚ ਕਰਵਾਉਣ ਲਈ ਇਹ ਸਰਕਾਰੀ ਕਾਲਜਾਂ ਦੇ ਪ੍ਰਿੰਸੀਪਲ ਜ਼ਿਮੇਵਾਰ ਹੋਣਗੇ।
3. ਪ੍ਰਿੰਸੀਪਲ ਇਸ ਕੰਮ ਲਈ ਤਿੰਨ ਮੈਂਬਰੀ ਕਮੇਟੀ ਦਾ ਗਠਨ ਕਰਨਗੇ, ਜਿਸ ਦੇ ਮੁੱਖੀ ਉਹ ਆਪ ਹੋਣਗੇ। ਇਹ ਕਮੇਟੀ ਵਿਦਿਆਰਥੀਆਂ ਦੇ ਸਰਟੀਫਿਕੇਟ (ਓਨਲਾਈਨ ਜਾਂ ਆਫਲਾਈਨ) ਮਾਧਇਮ ਨਾਲ ਚੈਕ ਕਰਨਗੇ। ਇਸ ਸਬੰਧੀ ਕੀਤੀਆਂ ਮੀਟਿੰਗਾਂ ਦੀ Proceedings ਦੇ ਮੀਨਟਸ ਰਿਕਾਰਡ ਕਰਨਗੇ ਅਤੇ proceedings ਵਿੱਚ ਸਮੂਹ ਕਮੇਟੀ ਮੈਂਬਰ ਆਪਣੇ ਹਸਤਾਖਰ ਕਰਨਗੇ।
4. ਇਹ ਮੀਟਿੰਗ ਦੀ proceeding ਅਤੇ ਚੈਕਿੰਗ ਸਬੰਧੀ ਸਾਰੇ ਰਿਕਾਰਡ ਸਬੰਧਤ ਸਰਕਾਰੀ ਬਹੁਤਕਨੀਕੀ ਕਾਲਜ ਦੇ ਪ੍ਰਿੰਸੀਪਲ ਵੱਲੋਂ ਮੇਨਟੇਨ ਕੀਤਾ ਜਾਵੇਗਾ ਤਾਂ ਜੋ ਭਵਿੱਖ ਵਿੱਚ ਇਸ ਸਬੰਧੀ ਕੋਈ ਇੰਕੁਆਰੀ ਜਾਂ ਆਡਿਟ ਹੁੰਦਾ ਹੈ ਤਾਂ ਇਹ ਰਿਕਾਰਡ ਮੁਹੱਈਆ ਕਰਵਾਈਆ ਜਾ ਸਕੇ।
5. ਜਿਹੜਿਆਂ ਵਿਦਿਆਰਥੀਆਂ ਦੇ ਸਰਟੀਫਿਕੇਟ ਸਹੀ ਨਹੀਂ ਪਾਏ ਜਾਂਦੇ ਹਨ ਉਸ ਬਾਰੇ ਸਬੰਧਤ ਪ੍ਰਿੰਸੀਪਲ ਤੁਰੰਤ ਹੀ ਬੋਰਡ ਦਫਤਰ ਨੂੰ ਲਿਖਤੀ ਰੂਪ ਵਿੱਚ ਸੂਚਿਤ ਕਰਨਗੇ।
6. ਸਰਟੀਫਿਕੇਟ ਚੈਕਿੰਗ ਦੀ ਨਿਰੋਲ ਜਿੰਮੇਵਾਰੀ ਇਸ ਕਮੇਟੀ ਦੀ ਹੋਵੇਗੀ।

ਉਪਰੋਕਤ ਅਨੁਸਾਰ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕਰਨਾ ਯਕੀਨੀ ਬਣਾਇਆ ਜਾਵੇ।

ਇਹ ਸਮਰੱਥ ਅਧਿਕਾਰੀ ਜੀ ਦੀ ਪ੍ਰਵਾਨਗੀ ਅਨੁਸਾਰ ਜਾਰੀ ਕੀਤਾ ਜਾਂਦਾ ਹੈ।

Director Academics
For Secretary, PSBTE&IT
Sector 36, Chandigarh